**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ**

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼ – 8, ਮੋਹਾਲੀ**

**(ਗ੍ਰਾਂਟ ਕਮ ਪੈਨਸ਼ਨ – 1 ਸ਼ਾਖਾ)**

ਵੱਲ

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ
punjabibpbhaichara@gmail.com

ਮੀਮੋ ਨੰ. 17/ 44 - 2018 ਗ੍ਰਾ.ਪੈ. - 1 (3) / 2018 / 3477
ਮਿਤੀ, ਅਜੀਤਗੜ੍ਹ, 21-12-18

ਵਿਸ਼ਾ - ਪੰਜਾਬ ਰਾਜ ਦੇ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਲਾਗੂ ਕਰਨ ਬਾਰੇ।

ਹਵਾਲਾ - ਆਪ ਦੀ ਪ੍ਰਤੀਬੇਨਤੀ ਨੰ. ਪ.ਭ.ਪ.ਭ. / 31 ਮਿਤੀ 12.11.2018, ਜੋ ਕਿ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਨੂੰ ਸੰਬੋਧਤ ਹੈ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਰਾਜ ਦੇ ਸਮੂਹ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਲਾਗੂ ਕਰਨ ਸਬੰਧੀ ਵਿਭਾਗ ਵੱਲੋਂ ਮਿਤੀ 26.03.2018 ਨੂੰ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਇਸ ਦੀ ਪਾਲਣਾ ਕਰਵਾਈ ਜਾ ਰਹੀ ਹੈ। ਆਪ ਵੱਲੋਂ ਸ਼ਿਕਾਇਤ ਜਨਰਲ ਤੌਰ ਤੇ ਪ੍ਰਾਈਵੇਟ ਸਕੂਲਾਂ ਵਿਰੁੱਧ ਕੀਤੀ ਗਈ ਹੈ। ਇਸ ਨਾਲ ਪ੍ਰਾਈਵੇਟ ਸਕੂਲਾਂ ਵਿਰੁੱਧ ਆਮ ਤੌਰ ਤੇ ਯੋਗ ਕਾਰਵਾਈ ਨਹੀਂ ਕੀਤੀ ਜਾ ਸਕਦੀ। ਜੇਕਰ ਇਸ ਮਾਮਲੇ ਵਿੱਚ ਉਚੇਚੇ ਤੌਰ ਤੇ ਕਿਸੇ ਜਿਲ੍ਹੇ ਦੇ ਕਿਸੇ ਪ੍ਰਾਈਵੇਟ ਸਕੂਲ ਵਿਰੁੱਧ ਪੰਜਾਬੀ ਭਾਸ਼ਾ ਲਾਗੂ ਨਾ ਕਰਨ ਸਬੰਧੀ ਆਪ ਨੂੰ ਜੇਕਰ ਕੋਈ ਸ਼ਿਕਾਇਤ ਹੋਵੇ ਤਾਂ ਉਸ ਬਾਰੇ ਆਪਣੀ ਸ਼ਿਕਾਇਤ ਵਿੱਚ ਸਪੱਸ਼ਟ ਜਾਣਕਾਰੀ/ ਸੂਚਨਾ ਦੇਣ ਦੀ ਖੇਚਲ ਕੀਤੀ ਜਾਵੇ ਤਾਂ ਕਿ ਬਣਦੀ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

ਸਹਾਇਕ ਡਾਇਰੈਕਟਰ (ਪ੍ਰਾ.ਏ.ਸ.)

ਪਿੱਠ ਅੰਕਣ ਨੰ. -ਉਕਤ- ਮਿਤੀ, ਅਜੀਤਗੜ੍ਹ,

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ-

1. ਮਾਨਯੋਗ ਮੁੱਖ ਮੰਤਰੀ ਪੰਜਾਬ ਦੇ ਦਫਤਰ ਨੂੰ, (supdt.fup.cmo@punjab.gov.in) ਨੂੰ ਉਹਨਾਂ ਦੀ ਈ-ਮੇਲ ਮਿਤੀ 13.11.2018 ਦੇ ਸਬੰਧ ਵਿੱਚ।
2. ਮਾਨਯੋਗ ਸਕੱਤਰ ਸਕੂਲ ਸਿੱਖਿਆ ਪੰਜਾਬ, (psse@punjab.gov.in) ਜੀ ਨੂੰ।

ਸਹਾਇਕ ਡਾਇਰੈਕਟਰ (ਪ੍ਰਾ.ਏ.ਸ.)